| ਪਾਲਸੀ: | | |
|---|---|---|
| **ਜ਼ਮਾਨਤ – ਬਾਲਗ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **BAI 1** | 22 ਨਵੰਬਰ, 2022 | CHA 1 CHI 1 GUI 1 IPV 1 SEX 1 VUL 1 |

ਕਿਸੇ ਜੁਰਮ ਨਾਲ ਚਾਰਜ ਕੀਤੇ ਗਏ ਹਰ ਵਿਅਕਤੀ ਨੂੰ ਵਾਜਬ ਸ਼ਰਤਾਂ ਉੱਪਰ ਜ਼ਮਾਨਤ ਦਾ ਬੁਨਿਆਦੀ ਹੱਕ ਹੈ ਅਤੇ ਬਿਨਾਂ ਯੋਗ ਕਾਰਨ ਤੋਂ ਵਾਜਬ ਜ਼ਮਾਨਤ ਤੋਂ ਨਾਂਹ ਨਾ ਕੀਤੇ ਜਾਣ ਦਾ ਹੱਕ ਹੈ।

ਜ਼ਮਾਨਤ ਦਾ ਹੱਕ ਅਟੁੱਟ ਤਰੀਕੇ ਨਾਲ ਨਿਰਦੋਸ਼ ਹੋਣ ਦੀ ਮਨੌਤ ਨਾਲ ਜੁੜਿਆ ਹੋਇਆ ਹੈ। ਕੈਨੇਡਾ ਦਾ ਕਾਨੂੰਨ ਇਹ ਮੰਗ ਕਰਦਾ ਹੈ ਕਿ ਦੋਸ਼ ਲੱਗੇ ਵਿਅਕਤੀ ਨੂੰ ਜ਼ਮਾਨਤ ਦਿੱਤੀ ਜਾਵੇਗੀ:

*...ਕਥਿਤ ਦੋਸ਼ੀ ਦੀ ਰਿਹਾਈ ਬੁਨਿਆਦੀ ਨਿਯਮ ਅਤੇ ਹਿਰਾਸਤ ਹੈ, ਛੋਟ...*

*ਆਪਣੇ ਆਪ ਹੀ ਹਿਰਾਸਤ ਦਾ ਆਰਡਰ ਦੇਣਾ 'ਵਾਜਬ ਜ਼ਮਾਨਤ ਦਿੱਤੇ ਜਾਣ ਦੇ ਬੁਨਿਆਦੀ ਅਧਿਕਾਰ ਦੇ ਉਲਟ ਹੋਵੇਗਾ ਜੇ ਕਿਸੇ ਹੋਰ ਤਰ੍ਹਾਂ ਕਰਨ ਦਾ ਵਾਜਬ ਕਾਰਨ ਨਾ ਹੋਵੇ'।*[1]

ਮੁਕੱਦਮੇ ਤੋਂ ਪਹਿਲਾਂ ਦੀ ਹਿਰਾਸਤ ਕਥਿਤ ਦੋਸ਼ੀ ਅਤੇ ਉਸ ਦੇ ਪਰਿਵਾਰ ਦੀ ਮਾਨਸਿਕ, ਸਮਾਜਿਕ ਅਤੇ ਸਰੀਰਕ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕਥਿਤ ਦੋਸ਼ੀ ਨੂੰ ਨਿਰਦੋਸ਼ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਸਿਰਫ ਰਿਹਾਈ ਲਈ ਦੋਸ਼ ਕਬੂਲ (ਗਿਲਟੀ ਪਲੀਅ) ਕਰਨਾ ਜ਼ਰੂਰੀ ਨਹੀਂ ਲੱਗਣਾ ਚਾਹੀਦਾ। ਇੱਥੋਂ ਤੱਕ ਕਿ ਜਦੋਂ ਕਥਿਤ ਦੋਸ਼ੀ ਨੂੰ ਹਿਰਾਸਤ ਵਿਚ ਨਹੀਂ ਰੱਖਿਆ ਜਾਂਦਾ ਹੈ, ਰਿਹਾਈ ਦੀਆਂ ਬੇਲੋੜੀਆਂ ਜਾਂ ਨਾਵਾਜਬ ਸ਼ਰਤਾਂ ਕਿਸੇ ਅਜਿਹੇ ਵਿਅਕਤੀ ਦੀ ਆਜ਼ਾਦੀ ਨੂੰ ਸੀਮਤ ਕਰਦੀਆਂ ਹਨ ਜਿਸ ਨੂੰ ਨਿਰਦੋਸ਼ ਮੰਨਿਆ ਗਿਆ ਹੈ ਅਤੇ ਇਹ ਓਦਾਂ ਠੀਕ ਵਤੀਰੇ ਨੂੰ ਸੰਭਵ ਤੌਰ 'ਤੇ ਅਪਰਾਧਕ ਬਣਾ ਸਕਦੀਆਂ ਹਨ।[2]

ਵਾਜਬ ਜ਼ਮਾਨਤ ਦੇ ਸੰਵਿਧਾਨਕ ਹੱਕ ਦੇ ਬਾਵਜੂਦ, *ਹੱਕਾਂ ਅਤੇ ਆਜ਼ਾਦੀਆਂ ਦੇ ਚਾਰਟਰ* ਦੇ ਕਾਨੂੰਨ ਤੋਂ ਬਾਅਦ, ਰਿਮਾਂਡ 'ਤੇ ਰੱਖਣ ਵਾਲੇ ਲੋਕਾਂ ਅਤੇ ਜ਼ਮਾਨਤ ਤੋਂ ਇਨਕਾਰ ਵਿਚ ਨਾਟਕੀ ਵਾਧਾ ਹੋਇਆ ਹੈ।[3] ਪਹਿਲਾਂ ਹੀ ਬੋਝ ਹੇਠਲੇ ਕ੍ਰਿਮੀਨਲ ਜਸਟਿਸ ਸਿਸਟਮ ਉੱਪਰ ਇਸ ਦੇ ਦਬਾ ਤੋਂ ਇਲਾਵਾ, ਰਿਮਾਂਡ ਵਾਲੇ ਲੋਕਾਂ ਵਿਚ ਵਾਧਾ ਪਛੜੇ ਅਤੇ ਕਮਜ਼ੋਰ ਭਾਈਚਾਰਿਆਂ ਵਾਲੇ ਕਥਿਤ ਦੋਸ਼ੀਆਂ ਨੂੰ ਅਣਮੇਲਵੇਂ ਢੰਗ ਨਾਲ ਪ੍ਰਭਾਵਿਤ ਕਰਦਾ ਹੈ ਅਤੇ ਕਥਿਤ ਦੋਸ਼ੀ ਦੇ ਅਪਰਾਧੀ ਬਣਨ ਦੇ ਖਤਰੇ ਵਿਚ ਵਾਧਾ ਕਰਦਾ ਹੈ। ਇਹ ਕੈਨੇਡੀਅਨ ਕ੍ਰਿਮੀਨਲ ਜਸਟਿਸ ਸਿਸਟਮ ਵਿਚ ਆਦਿਵਾਸੀ ਵਿਅਕਤੀਆਂ ਦੀ ਪਹਿਲਾਂ ਹੀ ਨਾ-ਮੰਨਣਯੋਗ ਜ਼ਿਆਦਾ ਗਿਣਤੀ ਨੂੰ ਹੋਰ ਵੀ ਵਧਾਉਂਦਾ ਹੈ।[4]

ਇਹ ਫੈਸਲਾ ਕਰਨਾ ਕਿ ਕੀ ਜ਼ਮਾਨਤ ਦਾ ਵਿਰੋਧ ਕਰਨਾ ਹੈ ਜਾਂ ਸਹਿਮਤੀ ਦੇਣੀ ਹੈ, ਅਤੇ ਅਜਿਹਾ ਕਿਹੜੀਆਂ ਸ਼ਰਤਾਂ 'ਤੇ

---

1 *R v St-Cloud*, 2015 SCC 27 at para 70
2 *R v Zora*, 2020 SCC 14 at para 25
3 *R v Antic*, 2017 SCC 27 at para 64
4 *R v Zora*, 2020 SCC 14 at para 79; Statistics Canada, "Adult and youth correctional statistics in Canada, 2018/2019", by Jameil Malakieh in Juristat Catalogue No 85-002-X (Ottawa: Statistics Canada, 2020) at 7, online < https://www150.statcan.gc.ca/n1/pub/85-002-x/2020001/article/00016-eng.htm>

ਕਰਨਾ ਹੈ, ਕਰਾਊਨ ਕੌਂਸਲ ਤੋਂ ਕਥਿਤ ਦੋਸ਼ੀ, ਜਨਤਾ ਅਤੇ ਪੀੜਤਾਂ ਦੇ ਮੁਕਾਬਲੇ ਵਾਲੇ ਹਿੱਤਾਂ ਨੂੰ ਵਿਚਾਰਨ ਅਤੇ ਮਹੱਤਵ ਦੇਣ ਦੀ ਮੰਗ ਕਰਦਾ ਹੈ। ਕਰਾਊਨ ਕੌਂਸਲ ਕਥਿਤ ਦੋਸ਼ੀ ਦੇ ਭਵਿੱਖ ਦੇ ਐਕਸ਼ਨਾਂ ਦੀ ਨਿਸ਼ਚੇ ਨਾਲ ਭਵਿੱਖਬਾਣੀ ਨਹੀਂ ਕਰ ਸਕਦਾ ਹੈ, ਅਤੇ ਇਸ ਤਰ੍ਹਾਂ ਸਾਰੇ ਖਤਰਿਆਂ ਨੂੰ ਖਤਮ ਨਹੀਂ ਕਰ ਸਕਦਾ। ਇਹ ਨਿਰਦੋਸ਼ ਹੋਣ ਦੀ ਮਨੌਤ ’ਤੇ ਆਧਾਰਿਤ ਜਸਟਿਸ ਸਿਸਟਮ ਵਿਚ ਅਟੱਲ ਹੈ, ਜਿਸ ਵਿਚ ਹਰ ਕਥਿਤ ਦੋਸ਼ੀ ਨੂੰ ਵਾਜਬ ਜ਼ਮਾਨਤ ਦਾ ਬੁਨਿਆਦੀ ਹੱਕ ਹੈ। ਜ਼ਮਾਨਤ ਦੀਆਂ ਸ਼ਰਤਾਂ ਦੀ ਤਜਵੀਜ਼ ਦੇਣ ਵੇਲੇ, ਕਰਾਊਨ ਕੌਂਸਲ ਨੂੰ ਕਥਿਤ ਜੁਰਮ ਦੀਆਂ ਹਾਲਤਾਂ ਅਤੇ ਪਹਿਲਾਂ ਤੋਂ ਪਤਾ ਸਾਰੇ ਅਤੇ ਵਾਜਬ ਸੰਭਾਵੀ ਖਤਰਿਆਂ ਦੇ ਪੱਖਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਜ਼ਮਾਨਤ ਦੀਆਂ ਘੱਟ ਤੋਂ ਘੱਟ ਬੰਦਸ਼ਾਂ ਵਾਲੀਆਂ ਸ਼ਰਤਾਂ ਦੀ ਮੰਗ ਕਰਨੀ ਚਾਹੀਦੀ ਹੈ ਜਿਹੜੀਆਂ ਕਥਿਤ ਦੋਸ਼ੀ ਵਲੋਂ ਪੈਦਾ ਕੀਤੇ ਜਾ ਸਕਣ ਵਾਲੇ ਖਤਰੇ ਨੂੰ ਪ੍ਰਵਾਨਯੋਗ ਪੱਧਰ ਤੱਕ ਘਟਾ ਸਕਦੀਆਂ ਹੋਣ।

ਜਸਟਿਸ ਸਿਸਟਮ ਦੇ ਵਾਜਬ ਅਤੇ ਅਸਰਦਾਰ ਤਰੀਕੇ ਨਾਲ ਕੰਮ ਕਰਨ ਲਈ, ਕਰਾਊਨ ਕੌਂਸਲ ਤੋਂ ਜ਼ਮਾਨਤ ਬਾਰੇ ਮਰਜ਼ੀ ਨਾਲ ਫੈਸਲੇ ਕਰਨ ਦੀ ਮੰਗ ਕੀਤੀ ਜਾਂਦੀ ਹੈ। ਜਿਵੇਂ ਕਿ ਕਰਾਊਨ ਕੌਂਸਲ ਦੇ ਪਾਲਸੀ ਮੈਨੂਅਲ ਦੇ *ਸੇਧ ਦੇਣ ਵਾਲੇ ਸਿਧਾਂਤਾਂ* (GUI 1) ਵਿਚ ਦੱਸਿਆ ਗਿਆ ਹੈ, ਜਦੋਂ ਕਰਾਊਨ ਕੌਂਸਲ ਇਸ ਪਾਲਸੀ ਮੁਤਾਬਕ ਸਿਧਾਂਤਕ ਫੈਸਲੇ ਕਰਦਾ ਹੈ, ਭਾਵੇਂ ਨਤੀਜਾ ਕੋਈ ਵੀ ਨਿਕਲੇ, ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਅਤੇ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਉਸ ਦੇ ਫੈਸਲੇ ਦੀ ਹਿਮਾਇਤ ਕਰਨਗੇ।

## ਆਮ

ਕਾਨੂੰਨੀ ਤੌਰ ’ਤੇ ਨਿਆਂ ਮੁਤਾਬਕ ਹੋਣ ਲਈ, ਮੁਕੱਦਮੇ ਤੋਂ ਪਹਿਲਾਂ ਦੀ ਹਿਰਾਸਤ ਜਾਂ ਕਥਿਤ ਦੋਸ਼ੀ ਵਿਅਕਤੀ ਦੀ ਰਿਹਾਈ ਉੱਪਰ ਲਾਗੂ ਕੀਤੀਆਂ ਗਈਆਂ ਕੋਈ ਵੀ ਸ਼ਰਤਾਂ ਦਾ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515 (10) ਵਿਚ ਸ਼ੁਮਾਰ ਤਿੰਨ ਮੰਤਵਾਂ ਵਿੱਚੋਂ ਇਕ ਜਾਂ ਜ਼ਿਆਦਾ ਲਈ ਲਾਜ਼ਮੀ ਹੋਣਾ ਜ਼ਰੂਰੀ ਹੈ:

- ਕਥਿਤ ਦੋਸ਼ੀ ਦੀ ਅਦਾਲਤ ਵਿਚ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ
- ਜਨਤਾ, ਪੀੜਤ ਜਾਂ ਕਿਸੇ ਗਵਾਹ ਦੀ ਸੇਫਟੀ ਦੀ ਰੱਖਿਆ ਲਈ, ਸਾਰੇ ਹਾਲਾਤਾਂ ਨੂੰ ਧਿਆਨ ਵਿਚ ਰੱਖ ਕੇ ਜਿਸ ਵਿਚ ਇਸ ਗੱਲ ਦੀ ਵੱਡੀ ਸੰਭਾਵਨਾ ਵੀ ਸ਼ਾਮਲ ਹੈ ਕਿ ਕਥਿਤ ਦੋਸ਼ੀ ਨੂੰ ਜੇ ਹਿਰਾਸਤ ਵਿੱਚੋਂ ਰਿਹਾ ਕੀਤਾ ਜਾਂਦਾ ਹੈ ਤਾਂ ਉਹ ਮੁਜਰਮਾਨਾ ਜੁਰਮ ਕਰੇਗਾ ਜਾਂ ਨਿਆਂ ਕਰਨ ਦੇ ਅਮਲ ਵਿਚ ਦਖਲਅੰਦਾਜ਼ੀ ਕਰੇਗਾ
- ਨਿਆਂ ਵਿਚ ਭਰੋਸਾ ਕਾਇਮ ਰੱਖਣ ਲਈ

ਕਿਸੇ ਵੀ ਹੋਰ ਮੰਤਵ ਲਈ ਮੁਕੱਦਮੇ ਤੋਂ ਪਹਿਲਾਂ ਹਿਰਾਸਤ ਜਾਂ ਜ਼ਮਾਨਤ ਦੀਆਂ ਸ਼ਰਤਾਂ ਦੀ ਮੰਗ ਕਰਨਾ ਕਾਨੂੰਨੀ ਤੌਰ ’ਤੇ ਠੀਕ ਨਹੀਂ ਹੈ, ਜਿਨ੍ਹਾਂ ਵਿਚ ਸ਼ਾਮਲ ਹਨ: ਕਿਸੇ ਕਥਿਤ ਦੋਸ਼ੀ ਨੂੰ ਸਜ਼ਾ ਦੇਣ ਲਈ, ਕਥਿਤ ਦੋਸ਼ੀ ਦੀ ਬੁਨਿਆਦੀ ਮਾਨਸਿਕ ਸਿਹਤ ਜਾਂ ਨਸ਼ੇ ਦੇ ਮਸਲਿਆਂ ਲਈ ਇਲਾਜ ਠੋਸਣ ਲਈ, ਕਾਨੂੰਨੀ ਕਾਰਵਾਈ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕਰਨ ਲਈ, ਜਾਂ ਕਥਿਤ ਦੋਸ਼ੀ ਨੂੰ ਗਿਲਟੀ ਪਲੀਅ ਕਰਨ ਜਾਂ ਕੋਈ ਹੋਰ ਰਿਆਇਤ ਦੇਣ ਜਾਂ ਇਕਬਾਲ ਕਰਨ ਲਈ ਉਤਸ਼ਾਹ ਦੇਣ ਲਈ।[5]

ਉਨ੍ਹਾਂ ਕਾਨੂੰਨੀ ਆਧਾਰਾਂ ਦੇ ਇਲਾਵਾ ਜਿਨ੍ਹਾਂ ਦਾ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(10) ਵਿਚ ਹਵਾਲਾ ਦਿੱਤਾ ਗਿਆ ਹੈ, ਜ਼ਮਾਨਤ ਬਾਰੇ ਕਰਾਊਨ ਕੌਂਸਲ ਦੀ ਸਥਿਤੀ ਸੈਕਸ਼ਨ 493.1 ਵਿਚ ਨੇਮਬੱਧ “ਸੰਜਮ ਦੇ ਸਿਧਾਂਤ” ਮੁਤਾਬਕ ਹੋਣੀ ਜ਼ਰੂਰੀ ਹੈ।[6] ਸੰਜਮ ਦਾ ਸਿਧਾਂਤ ਜੱਜ ਤੋਂ ਕਥਿਤ ਦੋਸ਼ੀ ਦੀ ਰਿਹਾਈ ਲਈ ਸਭ ਤੋਂ ਪਹਿਲੇ ਵਾਜਬ ਮੌਕੇ ’ਤੇ ਘੱਟ ਤੋਂ ਘੱਟ ਔਖੀਆਂ ਸ਼ਰਤਾਂ ’ਤੇ ਮੁਢਲੀ ਵਿਚਾਰ ਕਰਨ ਦੀ ਮੰਗ ਕਰਦਾ ਹੈ ਜਿਹੜੀਆਂ ਹਾਲਤਾਂ ਮੁਤਾਬਕ ਢੁਕਵੀਂਆਂ ਹੋਣ ਅਤੇ ਜਿਨ੍ਹਾਂ ਦੀ ਪਾਲਣਾ ਕਰਨਾ ਕਥਿਤ ਦੋਸ਼ੀ ਲਈ ਵਾਜਬ ਤੌਰ ’ਤੇ ਸੰਭਵ ਹੋਵੇ।

ਪਰ, ਸੰਜਮ ਦੇ ਸਿਧਾਂਤ ਦੀ ਵਿਆਖਿਆ ਸਮੁੱਚੇ ਤੌਰ ’ਤੇ ਜ਼ਮਾਨਤ ਦੀਆਂ ਸ਼ਰਤਾਂ ਦੇ ਸੰਦਰਭ ਵਿਚ ਕੀਤੀ ਜਾਣੀ ਜ਼ਰੂਰੀ ਹੈ ਅਤੇ ਇਹ ਕਰਾਊਨ ਕੌਂਸਲ ਨੂੰ ਜਦੋਂ ਵੀ ਇਹ ਢੁਕਵਾਂ ਹੋਵੇ ਕਥਿਤ ਦੋਸ਼ੀ ਦੀ ਨਜ਼ਰਬੰਦੀ ਜਾਂ ਰਿਹਾਈ ਦੀਆਂ ਸ਼ਰਤਾਂ ਦੀ ਮੰਗ ਕਰਨ ਤੋਂ ਨਹੀਂ ਰੋਕਦਾ।

---

5 *R v Zora*, 2020 SCC 14 at para 85
6 *R v Zora*, 2020 SCC 14 at para 100

*ਕ੍ਰਿਮੀਨਲ ਕੋਡ* ਦੇ ਸੈਕਸ਼ਨ 515(1) ਤੋਂ 515(2.03) ਤੱਕ ਇਹ ਸਪਸ਼ਟ ਕਰਦੇ ਹਨ ਕਿ ਸੀਮਤ ਛੋਟਾਂ ਤੋਂ ਇਲਾਵਾ, ਜ਼ਮਾਨਤ ਦੀ ਸੁਣਵਾਈ ਕਰ ਰਹੇ ਜੱਜ ਲਈ ਕਥਿਤ ਦੋਸ਼ੀ ਨੂੰ ਸ਼ਰਤਾਂ ਤੋਂ ਬਿਨਾਂ ਆਰਡਰ 'ਤੇ ਰਿਹਾ ਕਰਨਾ ਜ਼ਰੂਰੀ ਹੈ ਜੇ ਕਰਾਊਨ ਕੌਂਸਲ ਇਹ ਨਹੀਂ ਦਿਖਾਉਂਦਾ ਕਿ ਕਥਿਤ ਦੋਸ਼ੀ ਦੀ ਹਿਰਾਸਤ ਜਾਂ ਸ਼ਰਤਾਂ ਨਾਲ ਰਿਹਾਈ ਸਹੀ ਹੈ।

ਉਨ੍ਹਾਂ ਸ਼ਰਤਾਂ ਦੇ ਇਲਾਵਾ ਜਿਹੜੀਆਂ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(4.1) ਤੋਂ (4.3) ਹੇਠ ਲਾਗੂ ਕਰਨਾ ਜਾਂ ਵਿਚਾਰਨਾ ਜ਼ਰੂਰੀ ਹੈ, ਅਤੇ ਇਹ ਸ਼ਰਤ ਕਿ ਕਥਿਤ ਦੋਸ਼ੀ ਅਦਾਲਤ ਵਿਚ ਹਾਜ਼ਰ ਹੋਵੇ, ਕਰਾਊਨ ਕੌਂਸਲ ਨੂੰ ਸਿਰਫ ਉਹ ਸ਼ਰਤਾਂ ਹੀ ਤਜਵੀਜ਼ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਮਕਸਦ ਸੈਕਸ਼ਨ 515(10) ਵਿਚ ਤੈਅ ਕੀਤੇ ਗਏ ਕਾਨੂੰਨੀ ਆਧਾਰਾਂ ਨੂੰ ਸੰਬੋਧਨ ਹੋਣਾ ਹੈ। ਇਹ ਫੈਸਲਾ ਕਰਨ ਵੇਲੇ ਕਿ ਕਿਹੜੀਆਂ ਸ਼ਰਤਾਂ ਦੀ ਮੰਗ ਕਰਨੀ ਹੈ, ਜੇ ਕੋਈ ਕਰਨੀ ਹੈ, ਕਰਾਊਨ ਕੌਂਸਲ ਨੂੰ ਕਥਿਤ ਦੋਸ਼ੀ ਦੇ ਨਿੱਜੀ ਹਾਲਾਤਾਂ ਅਤੇ ਤਜਵੀਜ਼ਸ਼ੁਦਾ ਸ਼ਰਤਾਂ ਦੇ ਸਮੁੱਚੇ ਅਸਰ ਬਾਰੇ ਵਿਚਾਰ ਕਰਨੀ ਚਾਹੀਦੀ ਹੈ।[7]

## ਲੋਕਾਂ ਦੀ ਸੇਫਟੀ ਦੀ ਰੱਖਿਆ ਕਰਨਾ ਅਤੇ ਨਿਆਂ ਕਰਨ ਵਿਚ ਭਰੋਸਾ ਕਾਇਮ ਰੱਖਣਾ

ਕੁਝ ਹਾਲਤਾਂ ਵਿਚ ਕਰਾਊਨ ਕੌਂਸਲ ਲਈ ਜ਼ਮਾਨਤ ਪ੍ਰਤੀ ਜ਼ਿਆਦਾ ਸਖਤ ਪਹੁੰਚ ਅਪਣਾਉਣਾ ਸਿਰਫ ਢੁਕਵਾਂ ਹੀ ਨਹੀਂ ਹੈ ਸਗੋਂ ਜ਼ਰੂਰੀ ਵੀ ਹੈ। ਉਦਾਹਰਣ ਲਈ, ਹੇਠਾਂ ਦਿੱਤੀਆਂ ਪਾਲਸੀਆਂ ਲੋਕਾਂ ਦੀ ਸੇਫਟੀ ਲਈ ਖਾਸ ਸਤਿਕਾਰ ਦੀ ਲੋੜ 'ਤੇ ਜ਼ੋਰ ਦਿੰਦੀਆਂ ਹਨ, ਜਿਨ੍ਹਾਂ ਵਿਚ ਪੀੜਿਤ ਅਤੇ ਗਵਾਹ ਸ਼ਾਮਲ ਹਨ:

- *ਪੀੜਿਤ ਬੱਚੇ ਅਤੇ ਗਵਾਹ* (CHI 1)
- *ਜਿਗਰੀ ਸਾਥੀ ਵਲੋਂ ਹਿੰਸਾ* (IPV 1)
- *ਬਾਲਗਾਂ ਖਿਲਾਫ ਕਾਮੁਕ ਜੁਰਮ* (SEX 1)
- *ਕਮਜ਼ੋਰ ਪੀੜਿਤ ਅਤੇ ਗਵਾਹ* (VUL 1)

ਲੋਕਾਂ ਦੀ ਰੱਖਿਆ ਜਾਂ ਸੇਫਟੀ, ਵਾਰ ਵਾਰ ਜੁਰਮ ਕਰਨ ਵਾਲੇ ਅਪਰਾਧੀਆਂ, ਖਾਸ ਕਰਕੇ ਵਾਰ ਵਾਰ ਜੁਰਮ ਕਰਨ ਵਾਲੇ ਹਿੰਸਕ ਅਪਰਾਧੀਆਂ ਦੇ ਸੰਬੰਧ ਵਿਚ ਵੀ ਫਿਕਰ ਦਾ ਇਕ ਮੁੱਦਾ ਹੈ।

ਇਸ ਪਾਲਸੀ ਦੇ ਮੰਤਵ ਲਈ, ਵਾਰ ਵਾਰ ਜੁਰਮ ਕਰਨ ਵਾਲੇ ਹਿੰਸਕ ਅਪਰਾਧੀ ਵਿਚ ਉਹ ਵਿਅਕਤੀ ਸ਼ਾਮਲ ਹੁੰਦਾ ਹੈ ਜਿਹੜਾ ਕਿਸੇ ਵਿਅਕਤੀ ਖਿਲਾਫ ਜੁਰਮ ਲਈ (*ਕ੍ਰਿਮੀਨਲ ਕੋਡ* ਦੇ ਪਾਰਟ VIII ਹੇਠ) ਜਾਂ ਹਥਿਆਰ ਨਾਲ ਜੁਰਮ ਕਰਨ (ਜਿਵੇਂ *ਕ੍ਰਿਮੀਨਲ ਕੋਡ* ਦੇ ਸੈਕਸ਼ਨ 2 ਵਿਚ ਵਰਣਨ ਕੀਤਾ ਗਿਆ ਹੈ) ਕਰਕੇ ਹੁਣੇ ਹੁਣੇ ਇਕ ਜਾਂ ਜ਼ਿਆਦਾ ਵਾਰੀ ਦੋਸ਼ੀ ਸਿੱਧ ਹੋਇਆ ਹੁੰਦਾ ਹੈ। ਜਦੋਂ ਵਾਰ ਵਾਰ ਜੁਰਮ ਕਰਨ ਵਾਲੇ ਹਿੰਸਕ ਅਪਰਾਧੀ ਨੂੰ ਕਿਸੇ ਵਿਅਕਤੀ ਖਿਲਾਫ ਜੁਰਮ ਲਈ ਜਾਂ ਹਥਿਆਰ ਨਾਲ ਜੁਰਮ ਕਰਨ ਲਈ ਚਾਰਜ ਕੀਤਾ ਜਾਂਦਾ ਹੈ ਤਾਂ ਕਰਾਊਨ ਕੌਂਸਲ ਲਈ ਉਸ ਨੂੰ ਹਿਰਾਸਤ ਵਿਚ ਰੱਖਣ ਦੀ ਮੰਗ ਕਰਨਾ ਜ਼ਰੂਰੀ ਹੈ, ਜੇ ਉਹ ਸੰਤੁਸ਼ਟ ਨਹੀਂ ਹੈ ਕਿ ਸਾਰੇ ਹਾਲਾਤਾਂ ਨੂੰ ਧਿਆਨ ਵਿਚ ਰੱਖਦਿਆਂ, ਕਥਿਤ ਦੋਸ਼ੀ ਦੀ ਰਿਹਾਈ ਨਾਲ ਲੋਕਾਂ ਦੀ ਸੇਫਟੀ ਨੂੰ ਪੈਦਾ ਹੋਣ ਵਾਲੇ ਖਤਰੇ ਨੂੰ ਜ਼ਮਾਨਤ ਦੀਆਂ ਸ਼ਰਤਾਂ ਨਾਲ ਪ੍ਰਵਾਨਯੋਗ ਪੱਧਰ ਤੱਕ ਘਟਾਇਆ ਜਾ ਸਕਦਾ ਹੈ।

ਲੋਕਾਂ ਦੀ ਸੇਫਟੀ ਨੂੰ ਖਤਰੇ ਬਾਰੇ ਵਿਚਾਰ ਕਰਨ ਲਈ, ਕਰਾਊਨ ਕੌਂਸਲ ਨੂੰ ਉਨ੍ਹਾਂ ਕੋਈ ਵੀ ਪੱਖਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ ਜਿਹੜੇ ਕਥਿਤ ਦੋਸ਼ੀ ਦੀ ਹਿਰਾਸਤ ਮੰਗਣ ਦੇ ਹੱਕ ਵਿਚ ਹੋ ਸਕਦੇ ਹਨ, ਜਿਨ੍ਹਾਂ ਵਿਚ ਸ਼ਾਮਲ ਹਨ:

- ਗ੍ਰਿਫਤਾਰੀ ਦੇ ਸਮੇਂ, ਕਥਿਤ ਦੋਸ਼ੀ ਖਿਲਾਫ ਕਿਸੇ ਵਿਅਕਤੀ ਵਿਰੁੱਧ ਜੁਰਮ ਜਾਂ ਹਥਿਆਰ ਨਾਲ ਜੁਰਮ ਦੇ ਦੋਸ਼ ਵਾਲਾ ਇਕ ਜਾਂ ਜ਼ਿਆਦਾ ਕ੍ਰਿਮੀਨਲ ਚਾਰਜ ਲੱਗੇ ਹੋਏ ਸਨ

7 *R v Zora*, 2020 SCC 14 at paras 25 and 89

- ਕਥਿਤ ਜੁਰਮ ਕਰਨ ਵੇਲੇ, ਕਥਿਤ ਦੋਸ਼ੀ ਨੇ ਸ਼ਰਤਾਂ 'ਤੇ ਜ਼ਮਾਨਤ ਦੀ ਸ਼ਰਤ ਦੀ ਕਥਿਤ ਰੂਪ ਵਿਚ ਉਲੰਘਣਾ ਕੀਤੀ ਹੈ ਜਾਂ *ਕ੍ਰਿਮੀਨਲ ਕੋਡ* ਹੇਠ ਹਥਿਆਰਾਂ ਦੀ ਕੀਤੀ ਗਈ ਮਨਾਹੀ ਦੀ ਉਲੰਘਣਾ ਕੀਤੀ ਹੈ।

- *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(6) ਵਿਚ ਉਲਟ ਜ਼ਿੰਮੇਵਾਰੀ ਦੀਆਂ ਸ਼ਰਤਾਂ

## ਪੁਲੀਸ ਵਲੋਂ ਜਾਰੀ ਅੰਡਰਟੇਕਿੰਗਜ਼ ਦੀ ਨਜ਼ਰਸਾਨੀ

*ਕ੍ਰਿਮੀਨਲ ਕੋਡ* ਦੇ ਸੈਕਸ਼ਨਾਂ 498(1)(ਸੀ), 499(ਬੀ), ਜਾਂ 503(1.1) ਹੇਠ ਪੁਲੀਸ ਕੋਲ ਕਿਸੇ ਕਥਿਤ ਦੋਸ਼ੀ ਨੂੰ ਅੰਡਰਟੇਕਿੰਗ (ਵਾਅਦੇ) 'ਤੇ ਰਿਹਾ ਕਰਨ ਦੀ ਤਾਕਤ ਹੈ। ਇਸ ਤਾਕਤ ਦੀ ਵਰਤੋਂ ਕਰਦੇ ਹੋਏ, ਪੁਲੀਸ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 493.1 ਮੁਤਾਬਕ ਕਥਿਤ ਦੋਸ਼ੀ ਨੂੰ ਛੇਤੀ ਤੋਂ ਛੇਤੀ ਵਾਜਬ ਮੌਕੇ 'ਤੇ, ਘੱਟ ਤੋਂ ਘੱਟ ਔਖੀਆਂ ਸ਼ਰਤਾਂ ਨਾਲ ਰਿਹਾਅ ਕਰਨ 'ਤੇ ਮੁਢਲੀ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਜਿਹੜੀਆਂ ਸ਼ਰਤਾਂ ਹਾਲਾਤਾਂ ਮੁਤਾਬਕ ਢੁਕਵੀਂਆਂ ਹੋਣ ਅਤੇ ਜਿਨ੍ਹਾਂ ਦੀ ਪਾਲਣਾ ਕਰਨਾ ਕਥਿਤ ਦੋਸ਼ੀ ਲਈ ਵਾਜਬ ਤੌਰ 'ਤੇ ਸੰਭਵ ਹੋਵੇ।

ਕਰਾਊਨ ਕੌਂਸਲ ਨੂੰ ਰਿਪੋਰਟ ਮਿਲਣ 'ਤੇ, ਕਰਾਊਨ ਕੌਂਸਲ ਨੂੰ ਪੁਲੀਸ ਵਲੋਂ ਜਾਰੀ ਕੀਤੀ ਗਈ ਕਿਸੇ ਵੀ ਅੰਡਰਟੇਕਿੰਗ ਦੀਆਂ ਸ਼ਰਤਾਂ 'ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ। ਜਦੋਂ ਪੁਲੀਸ ਵਲੋਂ ਜਾਰੀ ਕੀਤੀ ਗਈ ਅੰਡਰਟੇਕਿੰਗ ਦੀਆਂ ਸ਼ਰਤਾਂ ਲਾਗੂ ਨਾ ਕਰਨ ਯੋਗ ਹੋਣ ਜਾਂ ਪੀੜਿਤ, ਪੀੜਿਤ ਦੇ ਪਰਿਵਾਰ, ਗਵਾਹਾਂ, ਅਤੇ ਜਨਤਾ ਦੀ ਰੱਖਿਆ ਕਰਨ ਲਈ ਨਾਕਾਫੀ ਹੋਣ ਤਾਂ ਕਰਾਊਨ ਕੌਂਸਲ ਨੂੰ ਵਾਰੰਟ ਮੰਗਣਾ ਚਾਹੀਦਾ ਹੈ ਜਾਂ ਵੱਖਰੀਆਂ ਸ਼ਰਤਾਂ ਨਾਲ ਰਿਹਾਈ ਦੇ ਆਰਡਰ ਲਈ ਸੈਕਸ਼ਨ 502(2) ਹੇਠ ਜੱਜ ਕੋਲ ਅਪਲਾਈ ਕਰਨਾ ਚਾਹੀਦਾ ਹੈ। ਜਦੋਂ ਘੱਟ ਬੰਦਸ਼ਾਂ ਵਾਲੀਆਂ ਸ਼ਰਤਾਂ ਕਾਫੀ ਹੋਣ ਤਾਂ ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਸੈਕਸ਼ਨ 502 (1) ਹੇਠ ਫਰਕ ਢੁਕਵਾਂ ਹੈ।

## ਜ਼ਮਾਨਤ ਦੀਆਂ ਕਥਿਤ ਉਲੰਘਣਾਵਾਂ ਦੀ ਚਾਰਜ ਅਸੈੱਸਮੈਂਟ

ਜਦੋਂ ਜ਼ਮਾਨਤ ਦੀ ਉਲੰਘਣਾ ਅਦਾਲਤ ਦੀ ਜਾਣ ਬੁੱਝ ਕੇ ਕੀਤੀ ਅਵੱਗਿਆ ਸਮਝੀ ਜਾਂਦੀ ਹੈ ਜਾਂ ਇਹ ਜਨਤਾ ਜਾਂ ਪੀੜਿਤ ਦੀ ਸੇਫਟੀ ਲਈ ਨਾ-ਮਨਜ਼ੂਰ ਖਤਰਾ ਪੈਦਾ ਕਰਦੀ ਹੈ ਤਾਂ ਇਹ ਢੁਕਵੇਂ ਜਵਾਬ ਦੀ ਮੰਗ ਕਰਦੀ ਹੈ। ਫਿਰ ਵੀ, ਬਹੁਤ ਸਾਰੀਆਂ ਉਲੰਘਣਾਵਾਂ ਕਥਿਤ ਦੋਸ਼ੀ ਦੀ ਜ਼ਿੰਦਗੀ ਦੇ ਬਦਲਦੇ ਜਾਂ ਚੁਣੌਤੀਆਂ ਵਾਲੇ ਹਾਲਾਤਾਂ ਦੇ ਨਤੀਜੇ ਵਜੋਂ ਪੈਦਾ ਹੁੰਦੀਆਂ ਹਨ ਜੋ ਕਿ ਸ਼ਰਤਾਂ ਦੀ ਸਖਤੀ ਨਾਲ ਪਾਲਣਾ ਕਰਨਾ ਔਖਾ ਬਣਾ ਸਕਦੇ ਹਨ। ਉਲੰਘਣਾਵਾਂ ਦੀਆਂ ਮਗਰਲੀਆਂ ਕਿਸਮਾਂ ਅਕਸਰ ਅਦਾਲਤ ਦੀ ਜਾਣਬੁੱਝ ਕੇ ਅਵੱਗਿਆ ਜਾਂ ਜਨਤਾ ਜਾਂ ਪੀੜਿਤ ਦੀ ਸੇਫਟੀ ਬਾਰੇ ਮਹੱਤਵਪੂਰਨ ਫਿਕਰ ਨਹੀਂ ਪੈਦਾ ਕਰਦੀਆਂ।

ਜਿਵੇਂ ਕਿ *ਚਾਰਜ ਅਸੈੱਸਮੈਂਟ ਗਾਈਡਲਾਈਨਾਂ* (CHA 1) ਵਿਚ ਦੱਸਿਆ ਗਿਆ ਹੈ, ਭਾਵੇਂ ਕਿ ਸਬੂਤ ਦਾ ਟੈੱਸਟ ਪੂਰਾ ਵੀ ਹੋ ਜਾਂਦਾ ਹੈ, ਇਨਸਾਫ ਇਹ ਮੰਗ ਨਹੀਂ ਕਰਦਾ ਕਿ ਹਰ ਸਾਬਤ ਹੋਣ ਯੋਗ ਜੁਰਮ ਲਈ ਮੁਕੱਦਮਾ ਚਲਾਇਆ ਜਾਵੇ। ਮੁਕੱਦਮਾ ਚਲਾਉਣ ਨੂੰ ਉਨ੍ਹਾਂ ਕੇਸਾਂ ਲਈ ਰਿਜ਼ਰਵ ਰੱਖਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਲਈ ਆਪਣੇ ਸਾਰੇ ਉਪਲਬਧ ਦੰਡਾਂ ਨਾਲ ਕ੍ਰਿਮੀਨਲ ਜਸਟਿਸ ਸਿਸਟਮ ਦੀ ਪੂਰੀ ਤਾਕਤ ਦੀ ਲੋੜ ਹੁੰਦੀ ਹੈ। ਜਦੋਂ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਕਥਿਤ ਦੋਸ਼ੀ ਨੇ ਜ਼ਮਾਨਤ ਦੀ ਸ਼ਰਤ ਦੀ ਉਲੰਘਣਾ ਕੀਤੀ ਹੈ ਤਾਂ ਕਰਾਊਨ ਕੌਂਸਲ ਨੂੰ ਜ਼ਮਾਨਤ ਦੀ ਉਲੰਘਣਾ ਦੇ ਦੋਸ਼ ਵਿਚ ਚਾਰਜ ਲਾਉਣ ਨੂੰ ਪ੍ਰਵਾਨਗੀ ਦੇਣ ਤੋਂ ਪਹਿਲਾਂ ਸਾਰੇ ਉਪਲਬਧ ਬਦਲਾਂ 'ਤੇ ਵਿਚਾਰ ਕਰਨਾ ਚਾਹੀਦੀ ਹੈ।

ਜ਼ਮਾਨਤ ਦੀ ਕਥਿਤ ਉਲੰਘਣਾ ਲਈ ਮੁਕੱਦਮੇ ਦੇ ਵਾਜਬ ਬਦਲਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਸੈਕਸ਼ਨ 515(10) ਦੇ ਮੰਤਵਾਂ ਲਈ ਉਸ ਸ਼ਰਤ ਦੀ ਜਾਰੀ ਰਹਿਣ ਵਾਲੀ ਲੋੜ 'ਤੇ ਵਿਚਾਰ ਕਰਨਾ ਜਿਸ ਦੀ ਕਥਿਤ ਤੌਰ 'ਤੇ ਉਲੰਘਣਾ ਹੋਈ ਹੈ ਅਤੇ ਲੋੜ ਮੁਤਾਬਕ ਇਸ ਵਿਚ ਸੋਧ ਕਰਨਾ ਜਾਂ ਬਦਲਣਾ

- *ਕ੍ਰਿਮੀਨਲ ਕੋਡ* ਦੇ ਸੈਕਸ਼ਨ 524 ਹੇਠ ਜ਼ਮਾਨਤ ਨੂੰ ਰੱਦ ਕੀਤੇ ਜਾਣ ਲਈ ਅਪਲਾਈ ਕਰਨਾ

- ਸੈਕਸ਼ਨ 725(1)(ਸੀ) ਦੇ ਮੁਤਾਬਕ ਇੱਕੋ ਜਿਹੇ ਤੱਥਾਂ ਤੋਂ ਪੈਦਾ ਹੋਏ ਕਿਸੇ ਵੱਡੇ ਅਪਰਾਧ ਦੀ ਸਜ਼ਾ ਸੁਣਾਉਣ ਵੇਲੇ ਹਾਲਾਤਾਂ ਦੇ ਹਿੱਸੇ ਵਜੋਂ ਜ਼ਮਾਨਤ ਦੀ ਉਲੰਘਣਾ ਦੀਆਂ ਹਾਲਤਾਂ ਦਾ ਦੋਸ਼ ਲਾਉਣਾ

ਸੈਕਸ਼ਨ 145(4) ਜਾਂ 145(5) ਹੇਠ ਚਾਰਜ ਸਿਰਫ ਤਾਂ ਹੀ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ ਜਦੋਂ ਜ਼ਮਾਨਤ 'ਤੇ ਨਜ਼ਰਸਾਨੀ ਅਤੇ ਜ਼ਮਾਨਤ ਰੱਦ ਕਰਨ ਤੋਂ ਉਪਲਬਧ ਹੱਲ ਨਾਕਾਫੀ ਹੋਣ।[8]

ਇਸ ਪਹੁੰਚ ਵਿਚ ਇਕ ਛੋਟ *ਜਿਗਰੀ ਸਾਥੀ ਵਲੋਂ ਹਿੰਸਾ* (IPV 1) ਪਾਲਸੀ ਅਧੀਨ ਆਉਂਦੇ ਮਾਮਲਿਆਂ ਦੇ ਸੰਬੰਧ ਵਿਚ ਹੈ: "ਕੋਰਟ ਦੇ ਆਰਡਰ ਦੀ ਉਲੰਘਣਾ ਕਿਉਂਕਿ ਭਵਿੱਖ ਵਿਚ ਹਿੰਸਾ ਲਈ ਖਤਰੇ ਵਾਲਾ ਪਛਾਣਿਆ ਹੋਇਆ ਪੱਖ ਹੈ, ਇਸ ਕਰਕੇ ਜਿੱਥੇ ਢੁਕਵਾਂ ਹੋਵੇ ਕਰਾਊਨ ਕੌਂਸਲ ਲਈ ਜ਼ਮਾਨਤ ਦੀਆਂ ਉਲੰਘਣਾਵਾਂ ਲਈ ਚਾਰਜਾਂ ਨੂੰ ਮਨਜ਼ੂਰ ਕਰਨ ਬਾਰੇ ਵਿਚਾਰ ਕਰਨਾ ਮਹੱਤਵਪੂਰਨ ਹੈ।"

## ਗਰੀਬ ਅਤੇ ਕਮਜ਼ੋਰ ਵਿਅਕਤੀ

ਗਰੀਬ ਅਤੇ ਕਮਜ਼ੋਰ ਕਥਿਤ ਦੋਸ਼ੀ ਵਿਅਕਤੀ, ਜਿਨ੍ਹਾਂ ਨੂੰ ਪਰਿਵਾਰ ਅਤੇ ਦੋਸਤਾਂ ਦੇ ਨੈੱਟਵਰਕ ਦੀ ਜਾਂ ਵਿੱਤੀ ਸਾਧਨਾਂ ਦੀ ਘਾਟ ਹੁੰਦੀ ਹੈ, ਉਹ ਜ਼ਮਾਨਤ ਤੱਕ ਪਹੁੰਚ ਕਰਨ ਦੇ ਘੱਟ ਯੋਗ ਹੁੰਦੇ ਹਨ।[9] *ਕ੍ਰਿਮੀਨਲ ਕੋਡ* ਦਾ ਸੈਕਸ਼ਨ 493.2(ਬੀ) ਇਹ ਮੰਗ ਕਰਦਾ ਹੈ ਕਿ ਜ਼ਮਾਨਤ ਬਾਰੇ ਫੈਸਲਾ ਕਰਨ ਵੇਲੇ ਜੱਜ ਉਸ ਕਥਿਤ ਦੋਸ਼ੀ ਦੇ ਹਾਲਾਤਾਂ ਵੱਲ ਖਾਸ ਧਿਆਨ ਦੇਵੇ ਜਿਹੜਾ ਅਜਿਹੀ ਕਮਜ਼ੋਰ ਆਬਾਦੀ ਨਾਲ ਸੰਬੰਧ ਰੱਖਦਾ ਹੈ ਜਿਨ੍ਹਾਂ ਦੀ ਕ੍ਰਿਮੀਨਲ ਜਸਟਿਸ ਸਿਸਟਮ ਵਿਚ ਜ਼ਿਆਦਾ ਨੁਮਾਇੰਦਗੀ ਹੈ ਅਤੇ ਜੋ ਰਿਹਾਈ ਹਾਸਲ ਕਰਨ ਵਿਚ ਵਿਘਨ ਪਾਉਂਦੀ ਹੈ।

ਕਰਾਊਨ ਕੌਂਸਲ ਨੂੰ ਅਜਿਹੀਆਂ ਸ਼ਰਤਾਂ ਦੀ ਮੰਗ ਨਹੀਂ ਕਰਨੀ ਚਾਹੀਦੀ ਜਿਹੜੀਆਂ ਕਿਸੇ ਕਥਿਤ ਦੋਸ਼ੀ ਦੇ ਜ਼ਿੰਦਗੀ ਦੇ ਖਾਸ ਹਾਲਾਤਾਂ (ਜਿਵੇਂ ਕਿ ਗਰੀਬੀ, ਬੇਘਰਪੁਣਾ, ਸ਼ਰਾਬ ਜਾਂ ਨਸ਼ੇ ਦੀ ਆਦਤ, ਮਾਨਸਿਕ ਜਾਂ ਸਰੀਰਕ ਬੀਮਾਰੀ, ਜਾਂ ਅਪਾਹਜਤਾ) ਨੂੰ ਅਪਰਾਧਿਕ ਬਣਾਉਣ ਜਾਂ ਸਜ਼ਾ ਦੇਣ ਦਾ ਰੁਝਾਨ ਰੱਖ ਸਕਦੀਆਂ ਹੋਣ। ਕੋਈ ਸ਼ਰਤ ਤਾਂ ਹੀ ਢੁਕਵੀਂ ਹੋਵੇਗੀ ਜੇ ਇਹ ਕਥਿਤ ਦੋਸ਼ੀ ਦੇ ਖਾਸ ਖਤਰਿਆਂ ਦਾ ਹੱਲ ਕਰਨ ਲਈ ਜ਼ਰੂਰੀ ਹੋਵੇ।[10]

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ 'ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ 'ਤੇ ਅਣਉੱਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਜ਼ਿਆਦਾ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ ਦੇ ਜ਼ਿਆਦਾ ਪੱਧਰਾਂ ਵਿਚ ਨਿਕਲਿਆ ਹੈ। ਕੈਦ ਦੇ ਅਣਮੇਲਵੇਂ ਢੰਗ ਨਾਲ ਜ਼ਿਆਦਾ ਪੱਧਰ ਆਦਿਵਾਸੀ ਲੋਕਾਂ ਨਾਲ ਪੱਖਪਾਤ ਅਤੇ ਸੰਸਥਾਈ ਪਹੁੰਚ ਤੋਂ ਵੀ ਪੈਦਾ ਹੋਏ ਹਨ ਜਿਹੜੀ ਉਨ੍ਹਾਂ ਨੂੰ ਜ਼ਮਾਨਤ ਤੋਂ ਨਾਂਹ ਕਰਨ ਵੱਲ ਜ਼ਿਆਦਾ ਝੁਕਾਅ ਰੱਖਦੀ ਹੈ।[11]

ਇਸ ਦੇ ਨਾਲ ਹੀ ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[12]

8 *R v Zora*, 2020 SCC 14 at para 70
9 *R v Summers*, 2014 SCC 26 at para 66
10 *R v Zora*, 2020 SCC 14 at para 92
11 *R v Ipeelee*, 2012 SCC 13
12 *Victimization of Aboriginal People in Canada, 2014*, Statistics Canada, 2016

ਕੈਨੇਡਾ ਵਿਚ ਆਦਿਵਾਸੀ ਲੋਕਾਂ ਲਈ ਬਸਤੀਵਾਦ ਦੇ ਜਾਰੀ ਰਹਿਣ ਵਾਲੇ ਨਤੀਜੇ ਕਿਸੇ ਆਦਿਵਾਸੀ ਕਥਿਤ ਦੋਸ਼ੀ ਲਈ ਜ਼ਮਾਨਤ 'ਤੇ ਵਿਚਾਰਾਂ ਲਈ ਲੋੜੀਂਦਾ ਸੰਦਰਭ ਪ੍ਰਦਾਨ ਕਰਦੇ ਹਨ। ਇਨ੍ਹਾਂ ਨਤੀਜਿਆਂ ਦਾ "ਆਦਿਵਾਸੀ ਲੋਕਾਂ 'ਤੇ ਅਸਰ ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦਾ ਲੇਖਾ ਜੋਖਾ ਕਰਕੇ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਬੁਨਿਆਦੀ ਵੱਖਰੀਆਂ ਸਭਿਆਚਾਰਕ ਰਵਾਇਤਾਂ ਅਤੇ ਦੁਨੀਆ ਪ੍ਰਤੀ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਹੱਲ ਕੀਤਾ ਜਾਣਾ ਜ਼ਰੂਰੀ ਹੈ।"[13]

## ਕਥਿਤ ਦੋਸ਼ੀ ਆਦਿਵਾਸੀ ਵਿਅਕਤੀ – ਜ਼ਮਾਨਤ ਲਈ ਵਿਚਾਰਾਂ

ਜੇ ਕਰਾਊਨ ਕੌਂਸਲ ਕਥਿਤ ਦੋਸ਼ੀ ਦੇ ਪਿਛੋਕੜ ਬਾਰੇ ਅਨਿਸ਼ਚਿਤ ਹੋਵੇ ਤਾਂ ਉਸ ਨੂੰ ਛੇਤੀ ਤੋਂ ਛੇਤੀ ਵਾਜਬ ਮੌਕੇ 'ਤੇ ਕਥਿਤ ਦੋਸ਼ੀ, ਬਚਾਉ ਪੱਖ ਦੇ ਵਕੀਲ ਜਾਂ ਅਦਾਲਤ ਤੋਂ ਇਹ ਪਤਾ ਕਰਨਾ ਚਾਹੀਦਾ ਹੈ ਕਿ ਕੀ ਕਥਿਤ ਦੋਸ਼ੀ ਦੀ ਪਛਾਣ ਇਕ ਆਦਿਵਾਸੀ ਵਿਅਕਤੀ ਵਜੋਂ ਹੁੰਦੀ ਹੈ। ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਹ ਜਾਣਕਾਰੀ ਫਾਇਲ ਉੱਪਰ ਦਰਜ ਹੈ।

ਕਰਾਊਨ ਕੌਂਸਲ ਲਈ ਉਨ੍ਹਾਂ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦੇ ਸੰਬੰਧ ਵਿਚ ਮੁਕੱਦਮੇ ਵਿਚ ਮਿਲੀ ਕਿਸੇ ਵੀ ਜਾਣਕਾਰੀ 'ਤੇ ਵਿਚਾਰ ਕਰਨਾ ਜ਼ਰੂਰੀ ਹੈ ਜਿਸ ਨੇ ਕਿਸੇ ਆਦਿਵਾਸੀ ਕਥਿਤ ਦੋਸ਼ੀ ਨੂੰ ਅਦਾਲਤ ਅੱਗੇ ਲਿਆਉਣ ਵਿਚ ਰੋਲ ਨਿਭਾਇਆ ਹੋ ਸਕਦਾ ਹੈ ਅਤੇ ਇਹ ਵਿਚਾਰ ਕਰਨਾ ਜ਼ਰੂਰੀ ਹੈ ਕਿ ਉਨ੍ਹਾਂ ਪੱਖਾਂ ਦੇ ਨਾਲ ਨਾਲ ਬਸਤੀਵਾਦੀ ਦੇ ਜਾਰੀ ਰਹਿਣ ਵਾਲੇ ਸਿੱਟਿਆਂ ਦਾ ਕਥਿਤ ਆਦਿਵਾਸੀ ਦੋਸ਼ੀ ਦੇ ਕ੍ਰਿਮੀਨਲ ਜਸਟਿਸ ਸਿਸਟਮ ਨਾਲ ਜਾਰੀ ਰਹਿਣ ਵਾਲੇ ਸੰਪਰਕ 'ਤੇ ਕਿਵੇਂ ਅਸਰ ਪਿਆ ਹੋ ਸਕਦਾ ਹੈ।

ਬੇਰੁਜ਼ਗਾਰੀ, ਰਿਹਾਇਸ਼ ਦੀ ਅਸਥਿਰਤਾ, ਮਹੱਤਵਪੂਰਨ ਵਿੱਤੀ ਸਾਧਨਾਂ ਤੋਂ ਬਿਨਾਂ ਮੁਚੱਲਕੇ, ਕਥਿਤ ਦੋਸ਼ ਨਾਲ ਨਾ-ਸੰਬੰਧਿਤ ਨਸ਼ਿਆਂ ਦੀ ਦੁਰਵਰਤੋਂ ਦੀਆਂ ਸਮੱਸਿਆਵਾਂ ਵਰਗੇ ਪੱਖ, ਜਾਂ ਉਸ ਕਮਿਊਨਟੀ ਨਾਲ ਢੁਕਵੇਂ ਕੋਨੈਕਸ਼ਨ ਦੀ ਘਾਟ ਜਿੱਥੇ ਕਥਿਤ ਤੌਰ 'ਤੇ ਜੁਰਮ ਹੋਇਆ ਹੈ, *R v Gladue* ਵਿਚ ਪਛਾਣੇ ਗਏ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦਾ ਅਕਸ ਦਿਖਾ ਸਕਦੇ ਹਨ।[14] ਇਸ ਤਰ੍ਹਾਂ, ਕਰਾਊਨ ਕੌਂਸਲ ਲਈ, ਜ਼ਮਾਨਤ ਅਤੇ ਜ਼ਮਾਨਤ ਦੀਆਂ ਸਾਰੀਆਂ ਕਾਰਵਾਈਆਂ ਨਾਲ ਸੰਬੰਧਿਤ ਸਾਰੇ ਫੈਸਲਿਆਂ ਵਿਚ ਆਦਿਵਾਸੀ ਕਥਿਤ ਦੋਸ਼ੀ ਦੀਆਂ ਹਾਲਤਾਂ ਵੱਲ ਖਾਸ ਧਿਆਨ ਦੇ ਕੇ ਸਿਧਾਂਤਕ ਸੰਜਮ ਵਰਤਣਾ ਜ਼ਰੂਰੀ ਹੈ। ਕਰਾਊਨ ਕੌਂਸਲ ਨੂੰ ਆਦਿਵਾਸੀ ਕਥਿਤ ਦੋਸ਼ੀ ਦੀ ਹਿਰਾਸਤ ਸਿਰਫ ਤਾਂ ਹੀ ਮੰਗਣੀ ਚਾਹੀਦੀ ਹੈ ਜੇ:

- ਅਦਾਲਤ ਵਿਚ ਹਾਜ਼ਰ ਹੋਣ ਵਿਚ ਫੇਲ੍ਹ ਹੋਣ ਦੀ ਕਥਿਤ ਦੋਸ਼ੀ ਦੀ ਹਿਸਟਰੀ ਕੋਈ ਵਾਜਬ ਸੰਭਾਵਨਾ ਨਹੀਂ ਛੱਡਦੀ ਕਿ ਰਿਹਾਈ ਦਾ ਕੋਈ ਵੀ ਰੂਪ ਮਾਮਲੇ ਨੂੰ ਆਪਣੇ ਗੁਣਾਂ ਦੇ ਆਧਾਰ 'ਤੇ ਹੱਲ ਕਰਨ ਦੇ ਯੋਗ ਬਣਾਏਗਾ; ਜਾਂ
- ਕਥਿਤ ਅਪਰਾਧ ਹਿੰਸਾ ਜਾਂ ਸਰੀਰਕ ਨੁਕਸਾਨ ਪਹੁੰਚਾਉਣ ਵਾਲਾ ਹੈ, ਜਾਂ ਜਦੋਂ ਜ਼ਮਾਨਤ 'ਤੇ ਰਿਹਾਈ, ਪੀੜਿਤ, ਕਿਸੇ ਗਵਾਹ, ਜਾਂ ਜਨਤਾ ਦੀ ਸੇਫਟੀ ਜਾਂ ਸੁਰੱਖਿਆ ਨੂੰ ਨਾ ਪ੍ਰਵਾਨਯੋਗ ਖਤਰੇ ਵਿਚ ਪਾਏਗੀ।

ਕਿਸੇ ਆਦਿਵਾਸੀ ਕਥਿਤ ਦੋਸ਼ੀ ਲਈ ਰਿਹਾਈ ਦੀਆਂ ਸੰਭਵ ਪਲੈਨਾਂ ਦਾ ਅਨੁਮਾਨ ਲਾਉਣ ਵੇਲੇ, ਕਰਾਊਨ ਕੌਂਸਲ ਨੂੰ:

- ਸਿਰਫ ਅਜਿਹੀਆਂ ਸ਼ਰਤਾਂ ਦੀ ਹੀ ਮੰਗ ਕਰਨੀ ਚਾਹੀਦੀ ਹੈ ਜਿਹੜੀਆਂ ਪੀੜਿਤਾਂ, ਗਵਾਹਾਂ, ਜਾਂ ਜਨਤਾ ਦੀ ਸੇਫਟੀ ਜਾਂ ਸੁਰੱਖਿਆ ਨੂੰ ਖਤਰੇ ਦਾ ਹੱਲ ਕਰਨ ਲਈ ਵਾਜਬ ਤੌਰ 'ਤੇ ਜ਼ਰੂਰੀ ਹਨ ਜਾਂ ਕਥਿਤ ਦੋਸ਼ੀ ਦੇ ਅਦਾਲਤ ਵਿਚ ਹਾਜ਼ਰ ਹੋਣ ਵਿਚ ਫੇਲ੍ਹ ਹੋਣ ਦੀ ਪਿਛਲੀ ਹਿਸਟਰੀ ਨੂੰ ਦੇਖਦੇ ਹੋਏ ਇਹ ਯਕੀਨੀ ਬਣਾਉਣ ਲਈ ਕਿ ਮਾਮਲਾ ਆਪਣੇ ਗੁਣਾਂ ਦੇ ਆਧਾਰ 'ਤੇ ਹੱਲ ਹੋਣ ਦੇ ਯੋਗ ਹੋਵੇਗਾ
- ਉਸ ਕਮਿਊਨਟੀ ਦੀ ਦੂਰੀ 'ਤੇ ਵਿਚਾਰ ਕਰਨਾ ਚਾਹੀਦਾ ਹੈ ਜਿੱਥੇ ਕਥਿਤ ਦੋਸ਼ੀ ਰਹਿੰਦਾ ਹੈ ਅਤੇ ਇਸ ਦੇ ਨਾਲ ਨਾਲ ਉਸ ਕਮਿਊਨਟੀ ਵਿਚਲੇ ਵਿਲੱਖਣ ਸਭਿਆਚਾਰਕ ਸੰਬੰਧਾਂ ਜਾਂ ਰਵਾਇਤਾਂ 'ਤੇ ਵੀ ਜਿਹੜੀਆਂ ਉਹ ਸ਼ਰਤਾਂ ਲਾਗੂ ਕਰਨ ਲਈ ਚੁਣੌਤੀਆਂ ਪੈਦਾ ਕਰ ਸਕਦੇ ਹਨ ਜਿਹੜੀਆਂ ਓਦਾਂ ਹੋਰ ਕਮਿਊਨਟੀਆਂ ਵਿਚ ਜ਼ਮਾਨਤ ਦੀਆਂ ਢੁਕਵੀਂਆਂ ਹਾਲਤਾਂ ਸਮਝੀਆਂ ਜਾ ਸਕਦੀਆਂ ਹਨ

13 *Ewert v Canada*, 2018 SCC 30 at paras 57 and 58; *R v Barton*, 2019 SCC 33 at paras 198-200
14 *R v Gladue* [1999] 1 S.C.R. 688

- ਮੁਚੱਲਕਿਆਂ ਦੀ ਵਰਤੋਂ ਵਿਚ ਸਿਧਾਂਤਕ ਸੰਜਮ ਵਰਤਣਾ ਜ਼ਰੂਰੀ ਹੈ

*ਕ੍ਰਿਮੀਨਲ ਕੋਡ* ਦਾ ਸੈਕਸ਼ਨ 493.2(ਏ) ਜ਼ਮਾਨਤ ਦਾ ਫੈਸਲਾ ਕਰਨ ਵੇਲੇ ਜੱਜ ਤੋਂ ਆਦਿਵਾਸੀ ਕਥਿਤ ਦੋਸ਼ੀ ਦੇ ਹਾਲਾਤਾਂ ਵੱਲ ਖਾਸ ਧਿਆਨ ਦੇਣ ਦੀ ਮੰਗ ਕਰਦਾ ਹੈ। ਜ਼ਮਾਨਤ ਦੀਆਂ ਸਾਰੀਆਂ ਕਾਰਵਾਈਆਂ ਵਿਚ, ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਕਿਸੇ ਆਦਿਵਾਸੀ ਕਥਿਤ ਦੋਸ਼ੀ ਦੇ ਹਾਲਾਤਾਂ ਬਾਰੇ ਜਿਹੜੀ ਸਾਰੀ ਢੁਕਵੀਂ ਜਾਣਕਾਰੀ ਉਸ ਕੋਲ ਉਪਲਬਧ ਹੈ, ਉਹ ਅਦਾਲਤ ਨੂੰ ਵੀ ਦਿੱਤੀ ਗਈ ਹੈ।